ਮੰਨਜ਼ੂਰੀ ਨੰ: 45

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ
ਐਸ.ਏ.ਐਸ ਨਗਰ।
ਮੀਮੋ ਨੰ 10-ਪਸਪਬ-ਖੋ.ਅ(ਸਯ)2019-20/Spl-1
ਮਿਤੀ: 23-3-2020

ਵਿਸ਼ਾ:- **ਸਕੀਮ ਪੀ.ਐਮ.-10 ''ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਐਸ.ਏ.ਐਸ ਨਗਰ ਦੇ ਵਿਕਾਸ ਕਾਰਜਾਂ ਲਈ ਰਾਸ਼ੀ ਜਾਰੀ ਕਰਨ ਬਾਰੇ.**

ਰਾਜਪਾਲ, ਪੰਜਾਬ ਜੀ ਸਕੀਮ ਪੀ.ਐਮ 10''ਸਟੇਟ ਲੈਵਲ ਇਨੀਸ਼ੀਏਟਿਵਜ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਐਸ.ਏ.ਐਸ ਨਗਰ ਵਿਖੇ ਹੇਠ ਦਰਸਾਏ ਅਨੁਸਾਰ ਵਿਕਾਸ ਕਾਰਜਾ ਲਈ ਇੱਕ ਵਾਰ Relaxation ਦਿੰਦੇ ਹੋਏ 145.97 ਲੱਖ ਰੁਪਏ (ਕੇਵਲ ਇੱਕ ਕਰੋੜ ਪੰਜਤਾਲੀ ਲੱਖ ਅਤੇ ਸਤਾਨਵੇ ਹਜ਼ਾਰ ਰੁਪਏ) ਸਮੇਤ ਸਪੈਸ਼ਲ ਕੰਪੋਨੈਟ ਪਲਾਨ ਦੀ ਰਾਸ਼ੀ ਜਾਰੀ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

**ਜ਼ਿਲ੍ਹਾ : ਐਸ.ਏ.ਐਸ ਨਗਰ** (ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ ਦਾ ਨਾਂ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (4+5) |
|---|---|---|---|---|---|
| | | | 112 ਅੰਕੜੇ - 06.00 - 53 ਮੇਜਰ ਵਰਕਸ (VT) | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਟ ਪਲਾਨ - 03.00 - 53 ਮੇਜਰ ਵਰਕਸ (VT) | |
| 1 | 2 | 3 | 4 | 5 | 6 |
| 1 | ਡਿਪਟੀ ਕਮਿਸ਼ਨਰ ਐਸ.ਏ.ਐਸ ਨਗਰ | ਐਸ.ਏ.ਐਸ ਨਗਰ ਵਿਖੇ ਪੈਂਦੀਆਂ ਹਾਉਸਿੰਗ ਸੁਸਾਇਟੀਆਂ ਦੇ ਅੰਦਰੂਨੀ ਵਿਕਾਸ, ਪੇਵਰਜ਼ ਬਲਾਕਸ ਦੀ ਉਸਾਰੀ, ਐਲ.ਈ.ਡੀ ਸਟਰੀਟ ਲਾਈਟਸ, ਸੀ.ਸੀ.ਟੀ ਕੈਮਰੇ ਅਤੇ ਗਲੀਆਂ ਦੀ ਉਸਾਰੀ ਆਦਿ ਵਿਕਾਸ ਕਾਰਜਾਂ ਲਈ। | 99.26 | 46.71 | 145.97 |
| | | ਕੁੱਲ ਜੋੜ | **99.26** | **46.71** | **145.97** |

2. ਇਹ ਮੰਨਜ਼ੂਰੀ ਮੁੱਖ ਮੰਤਰੀ ਪੰਜਾਬ ਜੀ ਅਤੇ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ: FD/FE6/ Senior ssistant 1, FE 6/CGSNO324828 ਮਿਤੀ 26-07-2019, ਅੰ.ਵਿ.ਪੱ.ਨੰ:FD-FE-60/MISC/6 /2020-1FE 6,1/13291/2020 ਮਿਤੀ 28-02-2020 ਅਤੇ ਅੰ.ਵਿ.ਪੱ.ਨੰ: FD-FE-6/MISC/6 /2020-1FE 6,1/16954/2020 ਮਿਤੀ 23-03-2020 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

3. ਇਹ ਮੰਨਜ਼ੂਰੀ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

ੳ) ਇਹ ਖਰਚਾ ਸਾਲ 2019-20 ਦੌਰਾਨ ਯੋਜਨਾਬੰਦੀ ਦੀ ਮੰਗ ਨੰ: 19, ਦੀ ਮੁੱਖ ਮੱਦ ''5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ 112 ਅੰਕੜੇ - ਐਸ.ਓ.ਈ 06.00- 53 ਮੇਜਰ ਵਰਕਸ (ਵੀ ਟੀ) (4760 ਲੱਖ ਰੁਪਏ), 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਟ ਪਲਾਨ - ਐਸ.ਓ.ਈ 03.00 - 53 ਮੇਜਰ ਵਰਕਸ (ਵੀ ਟੀ) (2240 ਲੱਖ ਰੁਪਏ) ਸਕੀਮ ਪੀ.ਐਮ 10 ''ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ),''ਅਧੀਨ ਕੀਤਾ ਜਾਵੇਗਾ।

ਅ) ਇਹ ਖਰਚਾ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਫੰਡਾਂ ਦੀ ਵਰਤੋਂ ਸਬੰਧੀ ਮਿਤੀ 11/01/2006 ਅਤੇ ਸਮੇਂ ਸਮੇਂ ਜਾਰੀ ਕੀਤੀਆਂ ਅਗਵਾਈ ਲੀਹਾਂ ਅਨੁਸਾਰ ਕੀਤਾ ਜਾਵੇਗਾ।

ੲ) ਇਹ ਖਰਚਾ ਉਪਰ ਦਰਜ ਕੰਮਾਂ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਨੂੰ ਭੇਜੇ ਤਖਮੀਨੇ ਅਤੇ ਵਿਕਾਸ ਕਾਰਜ਼ਾਂ ਦੀ ਡਿਟੇਲ ਅਨੁਸਾਰ ਹੀ ਕੀਤਾ ਜਾਵੇਗਾ। ਜੇਕਰ ਇਹਨਾਂ ਕਾਰਜਾਂ ਵਿੱਚ ਲੋੜੀਦੀ ਸੋਧ ਕਰਵਾਉਣੀ ਹੋਵੇ ਤਾਂ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਰਾਹੀ ਪਹੁੰਚ ਕੀਤੀ ਜਾਵੇ।

(ਸ) ਕੀਤੇ ਜਾਣ ਵਾਲੇ ਕੰਮਾਂ ਦੀ ਪ੍ਰਗਤੀ ਰਿਪੋਰਟ ਅਤੇ ਵਰਤੋਂ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਮੁਹੱਈਆ ਕਰਵਾਏ ਜਾਣਗੇ।

(ਹ) ਸਬੰਧਤ ਡਿਪਟੀ ਕਮਿਸ਼ਨਰ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਜਿੰਮੇਵਾਰ ਹੋਣਗੇ।

(ਕ) ਜਿੱਥੇ ਜ਼ਰੂਰੀ ਹੋਵੇ, ਰਾਸ਼ੀ ਜਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ।

(ਖ) ਖਰਚੇ ਨੂੰ ਮਹਾਂ ਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(ਗ) ਸਬੰਧਤ ਏਜੰਸੀ ਵੱਲੋ ਇਸ ਰਾਸ਼ੀ ਦੇ ਡੀ.ਸੀ. ਬਿਲ ਏ.ਜੀ.ਪੰਜਾਬ ਨੂੰ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਸ ਦੀ ਸੂਚਨਾ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇ।

ਜਸਪਾਲ ਸਿੰਘ

ਮਿਤੀ: 20-3-2020 ਪ੍ਰਮੁੱਖ ਸਕੱਤਰ ਯੋਜਨਾ

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/2 ਮਿਤੀ: 23-3-2020

ਇਸ ਦਾ ਇਕ ਉਤਾਰਾ ਸਕੱਤਰ/ਵਿੱਤ ਤੇ ਯੋਜਨਾ ਮੰਤਰੀ, ਪੰਜਾਬ ਨੂੰ ਉਨ੍ਹਾਂ ਦੇ ਟਰਵਕ ਡਾਇਰੀ ਨੰ:645-ਐਫ ਮਿਤੀ 18-09-2019 ਦੇ ਸਬੰਧ ਵਿਚ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/3 ਮਿਤੀ: 23-3-2020

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ

ਪਿੱਠ ਅੰਕਣ 10-ਪਸਪਬ-ਖੋ.ਅ(ਸਯ)2019-20/4-12 ਮਿਤੀ: 23-3-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ।
2. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ, ਸੈਕਟਰ 17, ਚੰਡੀਗੜ੍ਹ।
4. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
5. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
6. ਵਧੀਕ ਡਿਪਟੀ ਕਮਿਸ਼ਨਰ(ਵਿਕਾਸ),ਜ਼ਿਲ੍ਹਾ ਐਸ.ਏ.ਐਸ ਨਗਰ
7. ਉਪ ਅਰਥ ਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਐਸ.ਏ.ਐਸ ਨਗਰ
8. ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ, ਐਸ.ਏ.ਐਸ ਨਗਰ।
9. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜ਼ਿਲ੍ਹਾ ਐਸ.ਏ.ਐਸ ਨਗਰ

ਡਾਇਰੈਕਟਰ ਯੋਜਨਾ